# ਜੇਕਰ ਤੁਹਾਡਾ ਸਥਾਨ ਖਾਲੀ ਕਰਵਾਇਆ ਜਾਂਦਾ ਹੈ

ਜਦੋਂ ਤੁਸੀਂ ਕਿਸੇ ਰਿਸੈਪਸ਼ਨ ਸੈਂਟਰ, ਅਸਥਾਈ ਰਿਹਾਇਸ਼ ਜਾਂ ਆਪਣਾ ਪਾਲਤੂ ਕਿਤੇ ਸਾਂਭ-ਸੰਭਾਲ ਲਈ ਛੱਡਣਾ ਹੈ ਤਾਂ ਰਜਿਸਟਰ ਕਰਨ ਵੇਲੇ ਤੁਹਾਨੂੰ  ਹੇਠ ਲਿਖਿਆਂ ਚੋਂ ਸਾਰੀਆਂ ਜਾਂ ਕੁਝ ਵਸਤਾਂ ਦੀ ਲੋੜ ਪਵੇਗੀ। ਇਨ੍ਹਾਂ ਨੂੰ ਆਪਣੇ ਪਾਲਤੂ ਦੀ ਐਮਰਜੈਂਸੀ ਕਿੱਟ ‘ਚ ਪਾਉਣਾ ਯਕੀਨੀ ਬਣਾਉ।

- ਆਪਣੀ ਮਿਊਂਸਪੈਲਿਟੀ ਤੋਂ ਲਿਆ ਸਹੀ ਪੈੱਟ ਲਾਇਸੈਂਸ। ਜੇਕਰ ਤੁਸੀਂ ਕਿਤੇ ਵੱਖ ਵੱਖ ਹੋ ਜਾਂਦੇ ਹੋ ਤਾਂ ਇਹ ਪਾਲਤੂ ਦੇ ਵਾਪਸ ਲਿਆਉਣ ‘ਚ ਮਦਦਗਾਰ ਹੋਵੇਗਾ।
- ਕਾਲਰ, ਹਾਰਨੈੱਸ ਅਤੇ ਛਿੱਕਲੀ।
- ਅੱਪ-ਟੂ-ਡੇਟ ਆਈ ਡੀ (ਮਿਸਾਲ ਵਜੋਂ ਟੈਟੂ, ਮਾਈਕਰੋਚਿੱਪ, ਟੈਗਾਂ ਸਹਿਤ ਕਾਲਰ ਆਦਿ)
- ਟੀਕਿਆਂ ਦਾ ਰਿਕਾਰਡ, ਇੰਸ਼ੋਰੈਂਸ ਦੀ ਜਾਣਕਾਰੀ ਅਤੇ ਤੁਹਾਡੇ ਵੈੱਟਰੀਨਰੀ ਡਾਕਟਰ ਦਾ ਨਾਂ ਅਤੇ ਨੰਬਰ।
- ਦਵਾਈਆਂ, ਐਲਰਜੀਆਂ ਜਾਂ ਖਾਣੇ ਦੀਆਂ ਮਨਾਹੀਆਂ ਦੀ ਤਾਜ਼ਾ ਲਿਸਟ।
- ਖਵਾਉਣ ਦੇ ਸਮਿਆਂ ਅਤੇ ਉਸਦੇ ਵਿਉਹਾਰ ਬਾਰੇ ਤਾਜ਼ਾ ਜਾਣਕਾਰੀ

ਸੂਬੇ ‘ਚ ਪਾਲਤੂਆਂ  ਲਈ ਪਹੁੰਚ ਵੱਖਰੀ ਵੱਖਰੀ ਤਰ੍ਹਾਂ ਹੈ। ਸਾਰੇ ਰਿਸੈਪਸ਼ਨ ਸੈਂਟਰ ਜਾਨਵਰਾਂ ਨੂੰ ਮਨਜ਼ੂਰ ਨਹੀਂ ਕਰਦੇ। ਯਕੀਨੀ ਬਣਾਉ ਕਿ ਤੁਹਾਡੇ ਪਾਸ ਆਪਣੇ ਪਾਲਤੂ ਲਈ ਬੈਕ-ਅੱਪ ਯੋਜਨਾਂ ਵੀ ਹੋਵੇ।

ਐਮਰਜੈਂਸੀਆਂ ਅਤੇ ਆਫਤਾਂ ਲੋਕਾਂ ਨੂੰ ਆਪਣੇ ਪਾਲਤੂਆਂ ਤੋਂ ਬਿਨਾਂ ਹੀ ਸਥਾਨ ਖਾਲੀ ਕਰਨ ‘ਤੇ ਮਜ਼ਬੂਰ ਕਰ ਸਕਦੀਆਂ ਹਨ, ਅਤੇ ਉਨ੍ਹਾਂ ਨਾਲ ਮੁੜ ਵਾਪਸ ਪਰਤਣਾ ਔਖਾ ਹੋ ਸਕਦਾ ਹੈ।

ਜੇਕਰ ਤੁਹਾਨੂੰ ਜ਼ਰੂਰ ਹੀ ਆਪਣੇ ਪਾਲਤੂ ਤੋਂ ਬਿਨਾਂ ਜਾਣਾ ਪੈ ਜਾਂਦਾ ਹੈ, ਤਾਂ ਹੇਠ ਲਿਖੇ ਤਰੀਕਿਆਂ ਨਾਲ ਉਨ੍ਹਾਂ ਦੇ ਬਚੇ ਰਹਿਣ ਦੇ ਮੌਕੇ ਵਧਾ ਸਕਦੇ ਹੋ:

- ਉਨ੍ਹਾਂ ਨੂੰ ਬੰਦ ਨਾ ਕਰੋ
- ਉਨ੍ਹਾਂ ਨੂੰ ਬੰਨੋਂ ਨਾ
- ਕਾਫੀ ਸਾਰਾ ਖਾਣਾ ਛੱਡ ਕੇ ਜਾਉ
- ਕਾਫੀ ਸਾਰਾ ਪਹੁੰਚਯੋਗ ਪਾਣੀ ਛੱਡ ਕੇ ਜਾਉ (ਜਿਵੇਂ ਭਰਿਆ ਹੋਇਆ ਬਾਥਟੱਬ ਜਾਂ ਵੱਡਾ ਸਟੋਰੇਜ ਬਿੰਨ)

ਜੇਕਰ ਸਮਾਂ ਮਿਲਦਾ ਹੋਵੇ ਤਾਂ ਆਪਣੇ ਦਰਵਾਜ਼ੇ ‘ਤੇ ਨੋਟ ਲਾ ਕੇ ਜਾਉ ਜਿਸ ਉੱਪਰ ਤੁਹਾਡੇ ਜਾਣ ਦੀ ਤਰੀਕ ਅਤੇ ਸਮਾਂ ਲਿਖਿਆ ਹੋਵੇ, ਇਕ ਨੰਬਰ ਹੋਵੇ ਜਿਸ ‘ਤੇ ਤੁਹਾਡੇ ਨਾਲ ਸੰਪਰਕ ਹੋ ਸਕੇ ਅਤੇ ਪਾਲਤੂ, ਜਿਹੜੇ ਅੰਦਰ ਛੱਡਣੇ ਹਨ, ਉਨ੍ਹਾਂ ਦੀ ਕਿਸਮ ਅਤੇ ਗਿਣਤੀ ਲਿਖੀ ਹੋਵੇ।

# ਹੋਰ ਮਹੱਤਵਪੂਰਨ ਨੁਕਤੇ

- ਜੋਟੀਦਾਰ ਵਾਲਾ ਸਿਸਟਮ ਬਣਾ ਕੇ ਯਕੀਨੀ ਬਣਾਉ ਕਿ ਤੁਹਾਡਾ ਕੋਈ ਗਵਾਂਢੀ ਦੋਸਤ ਜਾਂ ਪਰਿਵਾਰ ਮੈਂਬਰ  ਪਾਲਤੂਆਂ ਨਾਲ ਮਿੱਤਰ-ਭਾਵਨਾਂ ਵਾਲਾ ਹੋਵੇ ਅਤੇ ਜੇਕਰ ਤੁਸੀਂ ਆਪਣੇ ਪਾਲਤੂ ਨੂੰ ਲੈਣ ਲਈ ਮੁੜ ਨਾ ਆ ਸਕਦੇ ਹੋਵੋ, ਤਾਂ ਉਹ ਤੁਹਾਡੇ ਪਾਲਤੂ ਨੂੰ ਉਥੋਂ ਲਿਜਾ ਸਕਦਾ ਹੋਵੇ।
- ਆਪਣੇ ਪਾਲਤੂ ਦੀ ਐਮਰਜੈਂਸੀ ਕਿੱਟ ‘ਚ ਸਮੇਂ ਸਮੇਂ ਕੁਝ ਪਾਉਂਦੇ ਰਹੋ ਤਾਂ ਕਿ ਤੁਹਾਡੀ ਸਮਾਂ ਸੂਚੀ ਅਤੇ ਬਟੂਏ ‘ਤੇ ਬੋਝ ਘੱਟ ਰਹੇ।
- ਆਪਣੇ ਪਾਲਤੂ ਲਈ ਐਮਰਜੈਂਸੀ ਯੋਜਨਾਂ ਬਣਾਉ ਜਿਸ ‘ਚ ਪਾਲਤੂਆਂ ਨਾਲ ਮਿੱਤਰ-ਭਾਵਨਾਂ ਵਾਲੇ ਸੰਪਰਕ ਕੀਤੇ ਜਾ ਸਕਣ ਵਾਲਿਆਂ ਦੀ ਲਿਸਟ ਅਤੇ ਐਮਰਜੈਂਸੀ ਨਕਦੀ ਸ਼ਾਮਲ ਹੋਵੇ।
- ਰੁੱਤ ਬਦਲਣ ਨੂੰ ਆਪਣੇ ਪਾਲਤੂ ਦੀ ਐਮਰਜੈਂਸੀ ਕਿੱਟ ਅੱਪਡੇਟ ਕਰਨ ਦੇ ਸਮੇਂ ਦੇ ਯਾਦਪੱਤਰ ਵਜੋਂ ਮਿਥ ਲਵੋ। ਖਾਣੇ, ਪਾਣੀ ਅਤੇ ਦਵਾਈਆਂ ਦੀਆਂ ਅੰਤਮ ਤਰੀਕਾਂ ਚੈੱਕ ਕਰੋ ਅਤੇ ਯਕੀਨੀ ਬਣਾਉ ਕਿ ਮਹੱਤਵਪੂਰਨ ਦਸਤਾਵੇਜ਼/ਰਿਕਾਰਡ ਅੱਪ-ਟੂ-ਡੇਟ ਹੋਣ।
- ਆਪਣੇ ਦਰਵਾਜ਼ੇ ‘ਤੇ ਪਾਲਤੂ ਤੋਂ ਚੌਕਸੀ ਵਾਲਾ ਸਟਿੱਕਰ ਲਉ ਤਾਂ ਕਿ ਲੋਕਾਂ ਨੂੰ ਪਤਾ ਲੱਗ ਜਾਵੇ ਕਿ ਅੰਦਰ ਪਾਲਤੂ ਹਨ।
- ਜੇਕਰ ਤੁਹਾਡਾ ਪਾਲਤੂ ਗਵਾਚ ਜਾਂਦਾ ਹੈ ਤਾਂ ਐਮਰਜੈਂਸੀ ਐਨੀਮਲ ਸ਼ੈਲਟਰ, ਸਥਾਨਕ ਐਨੀਮਲ ਰੈਸਕਿਊ, ਵੈਟਰੀਨਰੀ ਡਾਕਟਰ ਜਾਂ ਐਨੀਮਲ ਕੰਟਰੋਲ ਨੂੰ ਫੋਨ ਕਰੋ।

## ਤਿਆਰ ਰਹੋ। ਜਾਣਕਾਰ ਬਣੋ।

ਆਪਣੀ ਕਮਿਊਨਿਟੀ ਵਿਚ ਖਤਰਿਆਂ ਬਾਰੇ ਜਾਣਨ ਲਈ ਆਪਣੇ ਸਥਾਨਕ ਐਮਰਜੈਂਸੀ ਮੈਨੇਜਮੈਂਟ ਦਫਤਰ ਨਾਲ ਸੰਪਰਕ ਕਰੋ ਜਾਂ ਵੇਖੋ alberta.ca/ GetSupplies

ਆਫਤਾਂ ਬਾਰੇ ਸਰਕਾਰੀ ਚਿਤਾਵਨੀਆਂ ਅਤੇ ਅੱਪਡੇਟਾਂ ਲਈ ਐਪ ਸਟੋਰ ਤੋਂ ਐਲਬਰਟਾ ਐਮਰਜੈਂਸੀ ਅਲਰਟ ਐਪ ਡਾਊਨਲੋਡ ਕਰੋ।

**ਵਧੇਰੇ ਜਾਣਕਾਰੀ ਲਈ**

ਹੇਠ ਲਿਖਿਆਂ ਨੂੰ ਚੈੱਕ ਕਰੋ:


- ਪਾਲਤੂਆਂ ਦੀ ਤਿਆਰੀ ਦੀ ਤੱਥ ਸ਼ੀਟ
- ਵਹੀਕਲ ਐਮਰਜੈਂਸੀ ਕਿੱਟ
- ਐਮਰਜੈਂਸੀ ਕਿੱਟ

ਤਿਆਰੀ ਬਾਰੇ ਵਧੇਰੇ ਜਾਣਕਾਰੀ ਤੁਸੀਂ

Alberta.ca/BePrepared ਰਾਹੀਂ ਲੈ ਸਕਦੇ ਹੋ।

# ਤਿਆਰ ਹੋਵੋ

## ਤੁਹਾਡੇ ਪਾਲਤੂਆਂ ਵਾਸਤੇ ਐਮਰਜੈਂਸੀ ਕਿੱਟ ਚੈੱਕਲਿਸਟ



ਅਪਰੈਲ 2021

# ਕੀ ਤੁਸੀਂ ਕਿਸੇ ਐਮਰਜੈਂਸੀ ਲਈ ਤਿਆਰ ਹੋ?

ਜਦੋਂ ਖਤਰਨਾਕ ਸਥਿਤੀਆਂ ਪੈਦਾ ਹੁੰਦੀਆਂ ਹਨ ਤਾਂ ਝਟਪਟ ਕਾਰਵਾਈ ਕਰਨਾਂ ਮੱਹਤਵਪੂਰਨ ਹੈ। ਆਪਣੇ ਪਾਲਤੂ ਲਈ ਐਮਰਜੈਂਸੀ ਕਿੱਟ ਬਣਾ ਕੇ ਰੱਖਣਾ ਜ਼ਰੂਰੀ ਪ੍ਰਸਥਿਤੀਆਂ 'ਚ ਮਹੱਤਵਪੂਰਨ ਫੈਸਲੇ ਲੈਣ ਦੇ ਸਟਰੈੱਸ ਨੂੰ ਘਟਾਉਣ 'ਚ ਮੱਦਦ ਕਰ ਸਕਦਾ ਹੈ।

ਕਿੱਟ ਬਣਾਉਣ ਦੁਆਰਾ ਤਿਆਰ ਹੋਵੋ। ਸਪਲਾਈਆਂ ਇਕੱਠੀਆਂ ਕਰਨੀਆਂ ਅਤੇ ਆਪਣੇ ਪਾਲਤੂ ਦੀ ਕਿੱਟ ਬਣਾਉਣੀ ਸ਼ੁਰੂ ਕਰਨ ਲਈ ਹੇਠ ਦਿੱਤੀਆਂ ਚੈੱਕਲਿਸਟਾਂ ਦੀ ਵਰਤੋਂ ਕਰੋ।

## ਪੈਕ ਕਰਨਾ; ਇੱਥੇ ਦਿੱਤਾ ਹੈ

**ਆਪਣੇ ਪਾਲਤੂ ਦੀਆਂ ਜ਼ਰੂਰਤਾਂ ਮੁਤਾਬਿਕ ਫਿੱਟ ਕਰਨ ਲਈ ਆਪਣੀ ਕਿੱਟ ਨੂੰ ਨਿੱਜੀ ਬਣਾਉ।**

**ਬੁਨਿਆਦੀ ਚੀਜ਼ਾਂ**

- o ਪੱਕਾ ਪਾਲਤੂ ਕੈਰੀਅਰ ਜਾਂ ਕਰੇਟ (ਲੇਬਲ ਵਾਲਾ)
- o ਪਾਲਤੂਆਂ ਦੀ ਫਸਟ-ਏਡ ਕਿੱਟ ਅਤੇ ਗਾਈਡ ਬੁੱਕ
- o 7 - 14 ਦਿਨਾਂ ਦੇ ਭੋਜਨ ਅਤੇ ਪਾਣੀ ਦੀ ਸਪਲਾਈ
- o ਭੋਜਨ ਅਤੇ ਪਾਣੀ ਦੇ ਕਟੋਰੇ
- o ਭਾਂਡੇ ਧੋਣ ਵਾਲਾ ਤਰਲ ਸਾਬਣ, ਕੀਟਾਣੂੰ ਨਾਸ਼ਕ ਅਤੇ ਪੇਪਰ ਟਾਵਲ
- o ਸਾਫ਼-ਸਫ਼ਾਈ ਲਈ ਗਾਰਬੇਜ ਬੈਗ / ਵੇਸਟ ਬੈਗ
- o ਵਾਧੂ ਕਾਲਰ ਜਾਂ ਹਾਰਨੈੱਸ ਦੇ ਨਾਲ ਨਾਲ ਇੱਕ ਵਾਧੂ ਲੀਸ਼
- o ਕੰਬਲ, ਤੌਲੀਏ ਅਤੇ ਖਿਡੌਣੇ ਜਾਂ ਹੋਰ ਆਰਾਮ ਵਾਲੀਆਂ ਚੀਜ਼ਾਂ
- o ਮੈਨੂਅਲ ਕੈਨ-ਓਪਨਰ
- o ਤੁਹਾਡੀ ਅਤੇ ਤੁਹਾਡੇ ਪਾਲਤੂ ਜਾਨਵਰਾਂ ਦੀ ਤਾਜ਼ਾ ਖਿੱਚੀ ਫੋਟੋ (ਜੋ ਮਾਲਕੀਅਤ ਸਾਬਤ ਕਰੇ)
- o ਦਵਾਈਆਂ ਦੀ 14 ਦਿਨਾਂ ਦੀ ਸਪਲਾਈ (ਵਾਟਰਪਰੂਫ ਕੰਟੇਨਰ ਵਿੱਚ ਸਟੋਰ ਕੀਤੀ)

* ਆਪਣੇ ਪਾਲਤੂ ਜਾਨਵਰ ਦੇ ਕੈਰੀਅਰ ਦੀ ਵਰਤੋਂ ਉਨ੍ਹਾਂ ਦੀ ਐਮਰਜੈਂਸੀ ਸਪਲਾਈ ਨੂੰ ਸਟੋਰ ਕਰਨ ਲਈ ਕਰੋ। ਇਹ ਯਕੀਨੀ ਬਣਾਉ ਕਿ ਇਹ ਸਾਫ ਤੌਰ 'ਤੇ ਲੇਬਲ ਕੀਤਾ ਗਿਆ ਹੈ ਅਤੇ ਅਜਿਹੇ ਥਾਂ 'ਤੇ ਸਟੋਰ ਕੀਤਾ ਗਿਆ ਹੈ ਜਿੱਥੋਂ ਤੁਸੀਂ ਇਸਨੂੰ ਅਸਾਨੀ ਨਾਲ ਲੱਭ ਸਕੋ।

**ਪਾਲਤੂ ਵਿਸ਼ੇਸ਼ ਲਈ ਧਿਆਨਯੋਗ**

**ਕੁੱਤੇ**

- o ਖਿਡੌਣੇ / ਆਰਾਮ ਵਾਲੀਆਂ ਚੀਜ਼ਾਂ
- o ਟਰੀਟਾਂ
- o ਮਜ਼ਲ (ਛਿੱਕਲੀ)
- o ਲੀਸ਼ ਅਤੇ ਕਾਲਰ

**ਬਿੱਲੀਆਂ**

- o ਖਿਡੌਣੇ
- o ਲਿਟਰ ਅਤੇ ਟਰੇਅ (ਭੁੰਨਣ ਵਾਲੇ ਅਲਮੀਨੀਅਮ ਦੇ ਪੈਨ ਕੰਮ ਆ ਸਕਦੇ ਹਨ)
- o ਹਾਰਨੈੱਸ ਅਤੇ ਲੀਸ਼

**ਪੰਛੀ**

- o ਪਿੰਜਰਾ ਜਾਂ ਕੈਰੀਅਰ; ਪਿੰਜਰੇ ਨੂੰ ਢੱਕਣ ਲਈ ਕੰਬਲ
- o ਆਪਣੇ ਪੰਛੀ ਦੇ ਖੰਭਾਂ ਨੂੰ ਗਿੱਲੇ ਕਰਨ ਲਈ ਸਪਰੇਅ ਬੋਤਲ
- o ਜੇ ਕੈਰੀਅਰ ਦੀ ਪਰਚ (ਟਰੇਅ) ਨਹੀਂ ਹੈ, ਤਾਂ ਇਸ ਦੇ ਅੰਦਰ ਪੇਪਰ ਟਾਵਲ ਦੀ ਅੰਦਰਸ ਲਗਾ ਲਉ, ਜਿਸਨੂੰ ਤੁਸੀਂ ਅਕਸਰ ਬਦਲ ਸਕਦੇ ਹੋਵੋ।
- o ਕੈਰੀਅਰ ਨੂੰ ਅਜਿਹੇ ਏਰੀਏ 'ਚ ਰੱਖੋ ਜਿਹੜਾ ਵੱਧ ਤੋਂ ਵੱਧ ਸ਼ਾਂਤੀ ਵਾਲਾ ਹੋਵੇ
- o ਟਾਈਮ ਫੀਡਰ ਖਰੀਦਣ 'ਤੇ ਵਿਚਾਰ ਕਰੋ। ਜੇ ਤੁਸੀਂ ਵੱਖ ਵੱਖ ਹੋ ਜਾਂਦੇ ਹੋ, ਤਾਂ ਇਹ ਯਕੀਨੀ ਬਣਾਉ ਕਿ ਖਾਣ ਪੀਣ ਦੇ ਕਾਰਜਕ੍ਰਮ ਵਿਚ ਕੋਈ ਰੁਕਾਵਟ ਨਾ ਆਵੇ।


**ਰੈਪਟਾਈਲ**

- o ਟ੍ਰਾਂਸਪੋਰਟੇਸ਼ਨ ਲਈ ਸਿਰਹਾਣਾ ਜਾਂ ਸਥਾਈ ਰਿਹਾਇਸ਼ੀ ਚੀਜ਼
- o ਗਿੱਲੇ ਕਰਨ ਵਾਲੇ ਕਟੋਰੇ ਅਤੇ ਹੀਟਿੰਗ ਪੈਡ

**ਛੋਟੇ ਜਾਨਵਰ**

- o ਹੈਮਸਟਰ, ਗਿਰਬਿਲ, ਚੂਹੇ ਅਤੇ ਗਿੰਨੀ ਸੂਰ ਬਿਸਤਰੇ ਵਾਲੀ ਸਮੱਗਰੀ, ਭੋਜਨ ਅਤੇ ਭੋਜਨ ਦੇ ਕਟੋਰੇ ਸਮੇਤ ਸੁਰੱਖਿਅਤ ਕੈਰੀਅਰਾਂ ਵਿਚ ਲਿਜਾਣੇ ਚਾਹੀਦੇ ਹਨ
- o ਲੂਣ ਦਾ ਡਲ਼ਾ, ਵਾਧੂ ਪਾਣੀ ਦੀ ਬੋਤਲ, ਅਤੇ ਲੁਕਣ ਲਈ ਬਕਸਾ ਜਾਂ ਟਿਊਬ

* ਹਰ ਪਾਲਤੂ ਜਾਨਵਰ ਲਈ ਤਿਆਰੀ ਵੱਖਰੀ ਹੁੰਦੀ ਹੈ। ਆਪਣੇ ਪਾਲਤੂ ਜਾਨਵਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਸ ਜਾਣਕਾਰੀ ਨੂੰ ਅਨੁਕੂਲ ਬਣਾਓ।



**ਪਾਲਤੂ ਦੀ ਫਸਟ ਏਡ ਕਿੱਟ**

- o ਮਜ਼ਲ (ਛਿੱਕਲੀ
- o ਸੁਰੱਖਿਆ ਵਾਲੇ / ਰਬੜ ਦੇ ਦਸਤਾਨੇ
- o ਰੱਬਿੰਗ ਅਲਕੋਹਲ / ਐਂਟੀਸੈਪਟਿਕ ਵਾਈਪ
- o ਹਾਈਡਰੋਜਨ ਪਰਆਕਸਾਈਡ (3% ਸਟਰੈਂਥ)
- o ਖਿੱਚਵੀਂ ਪੱਟੀ ਜਾਂ ਵੈੱਟ ਰੈਪ
- o ਪੈੱਨ ਲਾਈਟ
- o ਟ੍ਰਾਂਸਪੋਰਟ ਲਈ ਕੰਬਲ
- o ਸੂਤੀ ਟਿੱਪ ਸਵੈਬਸ / ਤੂੰਬੇ
- o ਚਿਪਕਣ ਵਾਲੀ ਟੇਪ, ਚੌਰਸ ਜਾਲੀਦਾਰ ਪੱਟੀ, ਜਾਲੀਦਾਰ ਪੱਟੀ ਦਾ ਰੋਲ
- o ਅਣਚਿਪਕਵੀਂ ਰੋਗ-ਰਹਿਤ ਕੀਤੀ ਜ਼ਖਮ ਪੱਟੀ
- o ਰੋਗਾਣੂਨਾਸ਼ਕ ਸਾਬਣ
- o ਜ਼ਖਮ ਧੋਣ ਲਈ ਰੋਗ-ਰਹਿਤ ਘੋਲ (ਖਾਰਾ ਘੋਲ, ਜਿਵੇਂ ਕਿ ਆਈ ਵਾਸ਼ ਜਾਂ ਵੂੰਡ ਫਲੱਸ਼)
- o ਸਾਫ਼ ਸਰਿੰਜਾਂ (1 ਸੀਸੀ ਅਤੇ 5 ਸੀਸੀ)
- o ਸਪਲਿਟਿੰਗ ਵਸਤਾਂ (ਛੋਟੇ ਪਾਲਤੂਆਂ ਲਈ ਜੀਭ ਡਿਪਰੈਸਰ ਜਾਂ ਪੌਪਸਿਕਲ ਸਟਿੱਕ)
- o ਪੱਟੀ ਕੱਟਣ ਵਾਲੀ ਕੈਂਚੀ
- o ਮੋਚਨੇ
- o ਫਸਟ ਏਡ ਮਲਮ ਜਾਂ ਕਰੀਮ
- o ਲੁਬਰੀਕੇਟਿੰਗ ਜੈਲੀ ਜਾਂ ਸਾਦਾ ਵੈਸਲਿਨ
- o ਕੌਰਨ ਸਿਰਪ (ਡਾਇਬੈਟਿਕ / ਘੱਟ ਬਲੱਡ ਸ਼ੂਗਰ ਵਾਲਿਆਂ ਲਈ)
- o ਝਟਪਟੇ ਕੋਲਡ ਪੈਕ

* ਘਰੋਂ ਚੀਜ਼ਾਂ ਦੀ ਵਰਤੋਂ ਕਰਕੇ ਪੈਸੇ ਦੀ ਬਚਤ ਕਰੋ। ਆਪਣੇ ਮਨਪਸੰਦ ਸਟੋਰ ਦੇ ਆਇਲਾਂ 'ਚੋਂ ਡੀਲਾਂ ਚੈੱਕ ਕਰਦੇ ਹੋਏ ਕਿੱਟ ਨੂੰ ਹੌਲੀ ਹੌਲੀ ਬਣਾਉਂਦੇ ਰਹੋ। ਜੇ ਤੁਸੀਂ ਚਾਹੋ ਤਾਂ ਬਣੀਆਂ ਬਣਾਈਆਂ ਕਿੱਟਾਂ ਵੀ ਖਰੀਦਣ ਲਈ ਉਪਲਬਧ ਹਨ, ਪਰ ਫਿਰ ਵੀ ਤੁਹਾਨੂੰ ਆਪਣੇ ਪਾਲਤੂ ਦੇ ਹਿਸਾਬ ਨਾਲ ਹੋਰ ਵਸਤਾਂ ਪਾਉਣ ਦੀ ਜ਼ਰੂਰਤ ਹੋਵੇਗੀ।

Alberta